ਡਾਇਰੈਕਟਰ ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ

ਛੇਵੀਂ ਮੰਜ਼ਿਲ, ਬਲਾਕ-ਈ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ,

ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੁਹਾਲੀ), ਫੋਨ ਨੰਬਰ:-0172-2212221

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ.),

ਸਕੂਲ ਜਿਲ੍ਹਾ ਨੋਡਲ ਅਫਸਰ

ਸਮੂਹ ਸਕੂਲ ਮੁੱਖੀ

ਪੰਜਾਬ।

ਮੀਮੋ ਨੰ.e- SCERT/58/2022-ACADEMICS-SCERT/361853

ਮਿਤੀ: ਐਸ.ਏ.ਐਸ.ਨਗਰ 09-07-2024/614-618

ਵਿਸ਼ਾ:- **Centrally Sponsored Scheme National Means-cum-Merit Scholarship (NMMS) ਸਕੀਮ ਅਧੀਨ ਸੈਸ਼ਨ 2024-25 ਲਈ ਸਕੂਲ ਮੁੱਖੀਆਂ ਅਤੇ ਵਿਦਿਆਰਥੀਆਂ ਨੂੰ National Scholarship Portal (NSP) ਤੇ ਵਜੀਫੇ ਲਈ ਅਪਲਾਈ ਕਰਨ ਲਈ ਪੋਰਟਲ ਖੁੱਲਣ ਸਬੰਧੀ।**

ਉਕਤ ਵਿਸ਼ੇ ਸੰਬੰਧੀ ਦੱਸਣਯੋਗ ਹੈ ਕਿ National Scholarship Portal (NSP) ਮਿਤੀ 30-06-2024 ਤੋਂ ਖੁੱਲ੍ਹ ਗਿਆ ਹੈ। ਜਿਸ ਦਾ ਵੇਰਵਾ ਨਿਮਨ ਅਨੁਸਾਰ ਹੈ:-

| Scheme Name | Opening of portal for accepting applications | Last date for application submission | Last date for for first level (INO Verification) | Last date for for second level (DNO Verification) |
|---|---|---|---|---|
| National Means-cum-Merit Scholarship (NMMSS) | 30-06-2024 | 31-08-2024 | 15-09-2024 | 30-09-2024 |

ਵਿੱਦਿਅਕ ਸੈਸ਼ਨ 2024-25 ਲਈ ਨਿਮਨ-ਦਰਸਾਈਆਂ ਕਲਾਸਾਂ ਅਤੇ ਸਾਲ (ਜਿਸ ਵਿੱਚ NMMSS ਪ੍ਰੀਖਿਆ ਪਾਸ ਕੀਤੀ ਸੀ) ਦੇ ਵਿਦਿਆਰਥੀ ਨਿਰਧਾਰਿਤ ਸ਼ਰਤਾਂ ਅਧੀਨ ਰਜਿਸਟ੍ਰੇਸ਼ਨ ਕਰ ਸਕਦੇ ਹਨ:

1.Class -IX of project year 2024-25 (NMMSS exam held on March 2024

2.Class-X of project year 2023-24 (NMMSS exam held on Feb. 2023)

3.Class-XI of the project year 2022-23(NMMSS exam held on May 2022)

4.Class -XII of the project year 2021-2022 (NMMSS exam held on Dec. 2020)

ਉਕਤ ਸਬੰਧੀ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ), ਸਮੂਹ ਸਕੂਲ ਮੁਖੀਆਂ, ਜ਼ਿਲ੍ਹਾ ਨੋਡਲ ਅਫਸਰ (NMMSS) ਅਤੇ ਵਿਦਿਆਰਥੀਆਂ ਨੂੰ ਹੇਠ ਅਨੁਸਾਰ ਹਦਾਇਤਾਂ ਜਾਰੀ ਕਰਨੀਆਂ ਬਣਦੀਆਂ ਹਨ:

**NMMSS ਸਕੀਮ ਲਈ National Scholarship Portal ਸਬੰਧੀ ਵਿਦਿਆਰਥੀਆਂ ਲਈ ਹਦਾਇਤਾਂ:-**

- ਲੜੀ ਨੰ 1 ਤੋਂ 4 ਤੱਕ ਦਰਸਾਏ ਵਿਦਿਆਰਥੀਆਂ ਦੇ ਬੈਂਕ ਖਾਤੇ ਅਧਾਰ ਨਾਲ ਲਿੰਕ ਹੋਣੇ ਚਾਹੀਦੇ ਹਨ।
- ਲੜੀ ਨੰ: 1 ਤੇ ਦਰਸਾਏ ਵਿਦਿਆਰਥੀਆਂ ਵੱਲੋਂ ਨਵੀਂ ਰਜਿਸਟ੍ਰੇਸ਼ਨ ਤਹਿਤ ਅਪਲਾਈ ਕਰਨਾ ਹੈ. ਇਨ੍ਹਾਂ ਵਿਦਿਆਰਥੀਆਂ ਵੱਲੋਂ National Scholarship Portal (NSP) ਤੇ ਆਪਣੇ ਆਪ ਨੂੰ ਰਜਿਸਟਰ ਕਰਨ ਲਈ "New Registration" ਤੇ ਜਾ ਕੇ "login to apply" click ਕਰਨਾ ਪਵੇਗਾ। ਇਨ੍ਹਾਂ ਵਿਦਿਆਰਥੀਆਂ ਨੂੰ ਅਪਲਾਈ ਕਰਨ ਸਮੇਂ "NMMSS Roll No." ਭਰਨਾ ਜ਼ਰੂਰੀ ਹੋਵੇਗਾ।
- ਲੜੀ ਨੰ: 1 ਤੇ ਦਰਸਾਏ ਵਿਦਿਆਰਥੀਆਂ ਵੱਲੋਂ National Scholarship Portal (NSP) ਤੇ ਅਪਲਾਈ ਕਰਨ ਸਮੇਂ ਧਿਆਨ ਰੱਖਿਆ ਜਾਵੇ ਕਿ ਵਿਦਿਆਰਥੀ ਦੇ ਸਾਰੇ details (ਜਿਵੇਂ ਕਿ ਵਿਦਿਆਰਥੀ ਦਾ ਨਾਂ, ਰੋਲ ਨੰਬਰ, ਪਿਤਾ/ਮਾਤਾ ਦਾ ਨਾਂ, ਬੈਂਕ ਖਾਤੇ ਵਿੱਚ ਵਿਦਿਆਰਥੀ ਦਾ ਨਾਂ, ਆਧਾਰ ਕਾਰਡ ਵਿੱਚ ਵਿਦਿਆਰਥੀ ਦਾ ਨਾਂ ਆਦਿ) ਪੂਰੀ ਤਰ੍ਹਾਂ NMMSS-2023 ਦੇ ਰਿਜ਼ਲਟ ਨਾਲ match ਹੋਣੇ ਚਾਹੀਦੇ ਹਨ। ਇਸ ਤੋਂ ਇਲਾਵਾ ਵੈਰੀਫਿਕੇਸ਼ਨ ਲਈ ਵਿਦਿਆਰਥੀ ਆਧਾਰ ਕਾਰਡ ਜਾਂ ਬੈਂਕ ਖ਼ਾਤੇ ਦੋਨ੍ਹਾਂ ਵਿੱਚੋਂ ਉਸ/ Option / click ਕਰੇਗਾ, ਜਿਸ option ਨਾਲ ਵਿਦਿਆਰਥੀ ਦੀ details, NMMSS-2023 ਦੇ ਰਿਜਲਟ ਨਾਲ ਪੂਰੀ ਤਰ੍ਹਾਂ match ਕਰਦੇ ਹੋਣ।
- ਲੜੀ ਨੰ: 2 ਤੋਂ ਲੜੀ ਨੰ: 4 ਤੱਕ ਦੇ ਵਿਦਿਆਰਥੀਆਂ ਨੂੰ ਨਵੀਂ ਰਜਿਸਟ੍ਰੇਸ਼ਨ ਕਰਵਾਉਣ ਦੀ ਜ਼ਰੂਰਤ ਨਹੀਂ ਹੈ। ਇਨ੍ਹਾਂ ਵਿਦਿਆਰਥੀਆਂ ਵੱਲੋਂ ਪੁਰਾਣੀ ਰਜਿਸਟ੍ਰੇਸ਼ਨ ਆਈ.ਡੀ. ਅਤੇ password ਨਾਲ ਹੀ ਅਪਲਾਈ ਕੀਤਾ ਜਾਣਾ ਹੈ। password ਭੁੱਲਣ ਦੀ ਸੂਰਤ ਵਿੱਚ password reset ਕੀਤਾ ਜਾ ਸਕਦਾ ਹੈ।
- ਨੌਂਵੀਂ ਅਤੇ ਦਸਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਲਈ ਅਪਲਾਈ ਕਰਨ ਵੇਲੇ "Pre-matric Scholarship Scheme" ਅਤੇ ਗਿਆਰਵੀਂ ਅਤੇ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਨੂੰ "Post-matric Scholarship Scheme" option select ਕਰਨਾ ਹੋਵੇਗਾ।
- ਵਿਦਿਆਰਥੀਆਂ ਵੱਲੋਂ ਨਵੀ ਰਜਿਸਟ੍ਰੇਸ਼ਨ ਕਰਦੇ ਸਮੇਂ ਭਰਿਆ ਗਿਆ ਫੋਨ ਨੰਬਰ ਚਾਰ ਸਾਲ (ਨੌਵੀ ਤੋਂ ਬਾਰਵੀਂ ਕਲਾਸ ਤੱਕ) ਨਾ ਬਦਲਿਆ ਜਾਵੇ ਕਿਉਂਕਿ ਹਰ ਵਾਰ student Id Log in ਕਰਦੇ ਸਮੇਂ OTP ਉਸੇ ਨੰਬਰ ਤੇ ਆਵੇਗਾ।

**NMMSS ਸਕੀਮ ਲਈ National Scholarship Portal ਸਬੰਧੀ ਜ਼ਿਲ੍ਹਾ ਸਿੱਖਿਆ ਅਫਸਰ (ਸੈਸਿੰ),ਜ਼ਿਲ੍ਹਾ ਨੋਡਲ ਅਫਸਰ(NMMSS), ਸਕੂਲ ਮੁੱਖੀਆਂ ਲਈ ਹਦਾਇਤਾਂ:**

- ਸਮੂਹ ਸਕੂਲ ਮੁੱਖੀ ਇਸ ਸਕੀਮ ਸਬੰਧੀ, ਸਾਲ 2024-25 ਦੇ ਰਜਿਸਟ੍ਰੇਸ਼ਨ ਫਾਰਮ ਲਈ National Scholarship Portal ਤੇ ਅਪਲਾਈ ਕਰਨ ਲਈ ਸਾਲ 2023-24 ਦੇ ID/Password ਦੀ ਹੀ ਵਰਤੋਂ ਕਰਨਗੇ। ਸਕੂਲ ਮੁੱਖੀ ਨੂੰ Password ਭੁੱਲਣ ਦੀ ਸੂਰਤ ਵਿੱਚ Reset Password ਤੇ ਕਲਿੱਕ ਕਰਕੇ ਦੋਬਾਰਾ ਤੋਂ Password ਪ੍ਰਾਪਤ ਕੀਤਾ ਜਾ ਸਕਦਾ ਹੈ।

- ਸਕੂਲ ਮੁੱਖੀਆਂ ਵੱਲੋਂ ਉਨ੍ਹਾਂ ਵਿਦਿਆਰਥੀਆਂ ਨੂੰ ਹੀ National Scholarship Portal ਤੇ NMMSS ਸਕੀਮ ਅਧੀਨ ਅਪਲਾਈ ਕਰਵਾਇਆ ਜਾਵੇ:-

a. ਜਿਨ੍ਹਾਂ ਦੇ ਮਾਤਾ/ਪਿਤਾ ਦੀ ਸਾਲਾਨਾ ਆਮਦਨ ਰੁਪਏ 3,50,000/- ਤੋਂ ਘੱਟ ਹੋਵੇ।

b. ਜਿਨ੍ਹਾਂ ਵਿਦਿਆਰਥੀਆਂ ਨੇ 10ਵੀਂ ਅਤੇ 12ਵੀਂ ਕਲਾਸ ਦੇ ਵਜ਼ੀਫੇ ਲਈ ਅਪਲਾਈ ਕਰਨਾ ਹੈ, ਉਨ੍ਹਾਂ ਦੇ ਕ੍ਰਮਵਾਰ 9ਵੀਂ ਅਤੇ 11ਵੀਂ ਕਲਾਸ ਵਿੱਚ ਘੱਟੋਂ-ਘੱਟ 55% ਅੰਕ (SC/ST ਵਿਦਿਆਰਥੀਆਂ ਲਈ 5% ਅੰਕਾਂ ਦੀ ਛੋਟ) ਪ੍ਰਾਪਤ ਕੀਤੇ ਹੋਣ।

c. ਜਿਨ੍ਹਾਂ ਵਿਦਿਆਰਥੀਆਂ ਨੇ 11ਵੀਂ ਕਲਾਸ ਦੇ ਵਜ਼ੀਫੇ ਲਈ ਅਪਲਾਈ ਕਰਨਾ ਹੈ, ਉਨ੍ਹਾਂ ਦੇ 10ਵੀਂ ਕਲਾਸ ਵਿੱਚ ਘੱਟੋਂ-ਘੱਟ 60% ਅੰਕ (SC/ST ਵਿਦਿਆਰਥੀਆਂ ਲਈ 5% ਅੰਕਾਂ ਦੀ ਛੋਟ) ਪ੍ਰਾਪਤ ਕੀਤੇ ਹੋਣ।

d. ਵਿਦਿਆਰਥੀ ਸਰਕਾਰੀ/ ਸਰਕਾਰੀ ਸਹਾਇਤਾ ਪ੍ਰਾਪਤ/ ਲੋਕਲ ਬੋਡੀਜ਼ ਸਕੂਲਾਂ ਵਿੱਚ ਰੈਗੂਲਰ ਤੌਰ ਤੇ ਪੜ੍ਹਦਾ ਹੋਣਾ ਚਾਹੀਦਾ ਹੈ।

e. ਜਿਨ੍ਹਾਂ ਵਿਦਿਆਰਥੀਆਂ ਦੇ ਬੈਂਕ ਖਾਤੇ ਅਧਾਰ ਨਾਲ ਲਿੰਕ ਹੋਣ ਅਤੇ ਵਿਦਿਆਰਥੀ ਦੇ ਨਾਂ ਤੇ ਹੋਣ।

- ਅਜਿਹੇ ਸਕੂਲ ਜਿਹੜੇ NSP ਤੇ ਪਹਿਲਾ ਤੋਂ ਰਜਿਸਟਰ ਨਹੀਂ ਹਨ, ਉਨ੍ਹਾਂ ਸਕੂਲਾਂ ਦੇ ਸਕੂਲ ਮੁੱਖੀਆਂ ਵੱਲੋਂ NSP ਤੇ ਸਾਲ 2023-24 ਦੇ ਰਜਿਸਟ੍ਰੇਸ਼ਨ ਫਾਰਮ ਭਰਨ ਉਪਰੰਤ, ਉਸਦਾ ਪ੍ਰਿੰਟ ਆਊਟ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ.) ਵਿਖੇ ਵੈਰੀਫਿਕੇਸ਼ਨ ਲਈ ਜਮ੍ਹਾਂ ਕਰਵਾਇਆ ਜਾਣਾ ਹੈ। ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ.) ਵੱਲੋਂ ਰਜਿਸਟ੍ਰੇਸ਼ਨ ਫਾਰਮ ਦੀ ਵੈਰੀਫਿਕੇਸ਼ਨ ਉਪਰੰਤ ਹੀ ਸਕੂਲ ਮੁੱਖੀ, National Scholarship Portal ਤੇ ਵਿਦਿਆਰਥੀਆਂ ਦੀਆਂ online applications ਵੈਰੀਫਾਈ ਅਤੇ approve ਕਰ ਸਕਣਗੇ।

- ਵਿਦਿਆਰਥੀਆਂ ਵੱਲੋਂ ਵਜ਼ੀਫੇ ਲਈ ਅਪਲਾਈ ਕੀਤੀਆਂ online applications ਨੂੰ ਵੈਰੀਫਾਈ ਅਤੇ approve ਕਰਨ ਦੀ ਨਿਰੋਲ ਜ਼ਿੰਮੇਵਾਰੀ ਸਕੂਲ ਮੁਖੀ ਦੀ ਹੋਵੇਗੀ, ਸਕੂਲ ਮੁਖੀ ਦੁਆਰਾ ਵੈਰੀਫਾਈ ਅਤੇ approve ਨਾ ਕਰਨ ਦੀ ਸੂਰਤ ਵਿੱਚ ਵਿਦਿਆਰਥੀ ਵਜ਼ੀਫੇ ਲਈ ਯੋਗ ਨਹੀਂ ਹੋਵੇਗਾ, ਜਿਸਦੇ ਲਈ ਸਬੰਧਤ ਸਕੂਲ ਮੁੱਖੀ ਜ਼ਿੰਮੇਵਾਰ ਹੋਵੇਗਾ।

- Online applications ਸਕੂਲ ਮੁੱਖੀ ਦੁਆਰਾ ਵੈਰੀਫਾਈ ਅਤੇ approve ਕਰਨ ਉਪਰੰਤ, ਜ਼ਿਲ੍ਹਾ ਸਿੱਖਿਆ ਅਫਸਰ (ਸੈਸਿੱ)/ਜ਼ਿਲ੍ਹਾ ਨੋਡਲ ਅਫਸਰ (NMMSS) ਵੱਲੋਂ ਵੈਰੀਫਾਈ ਅਤੇ approve ਕੀਤੀਆਂ ਜਾਣਗੀਆਂ। ਜ਼ਿਲ੍ਹਾ ਪੱਧਰ ਤੇ ਵੈਰੀਫਾਈ ਅਤੇ approve ਨਾ

ਕਰਨ ਦੀ ਸੂਰਤ ਵਿੱਚ ਵਿਦਿਆਰਥੀ ਵਜ਼ੀਫੇ ਲਈ ਯੋਗ ਨਹੀਂ ਹੋਵੇਗਾ, ਜਿਸਦੀ ਜ਼ਿੰਮੇਵਾਰੀ ਜ਼ਿਲ੍ਹਾ ਸਿੱਖਿਆ ਅਫਸਰ(ਸੈਸਿੱ)/ਜ਼ਿਲ੍ਹਾ ਨੋਡਲ ਅਫਸਰ (NMMSS) ਦੀ ਹੋਵੇਗੀ।

- ਸਮੂਹ ਸਕੂਲ ਮੁੱਖੀਆਂ, ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਸੈਸਿੱ) ਅਤੇ ਸਮੂਹ ਜ਼ਿਲ੍ਹਾ ਨੋਡਲ ਅਫਸਰ (NMMSS) ਨੂੰ ਹਦਾਇਤ ਕਰਨੀ ਬਣਦੀ ਹੈ ਕਿ ਉਹ ਆਪਣੇ ਪੱਧਰ ਦੀ ਵੈਰੀਫਿਕੇਸ਼ਨ ਅਤੇ approve ਨਾਲ-ਨਾਲ ਹੀ ਕਰਦੇ ਰਹਿਣ, ਆਖਰੀ ਮਿਤੀਆਂ ਦਾ ਇੰਤਜਾਰ ਨਾ ਕੀਤਾ ਜਾਵੇ।
- ਸਕੂਲ ਮੁੱਖੀਆਂ, ਜ਼ਿਲ੍ਹਾ ਸਿੱਖਿਆ ਅਫਸਰ (ਸੈਸਿੱ) ਅਤੇ ਸਮੂਹ ਜ਼ਿਲ੍ਹਾ ਨੋਡਲ ਅਫਸਰ (NMMSS) ਵੱਲੋਂ Online applications ਧਿਆਨ ਨਾਲ ਵੈਰੀਫਾਈ ਕਰਕੇ approve ਕੀਤੀਆਂ ਜਾਣ। ਜੇਕਰ ਕਿਸੇ ਪੱਧਰ ਤੇ ਕੋਈ fake application verify ਕੀਤੀ ਜਾਂਦੀ ਹੈ ਤਾਂ ਉਸਦੀ ਜ਼ਿੰਮੇਵਾਰੀ verifying authority ਦੀ ਹੋਵੇਗੀ।
- ਸਾਲ 2024-25 ਦੀ ਨੌਵੀਂ ਕਲਾਸ ਦੇ ਜਿਹੜੇ ਵਿਦਿਆਰਥੀ, NMMSS ਦੀ March 2024 ਦੀ ਪ੍ਰੀਖਿਆ ਵਿੱਚ ਮੈਰਿਟ ਵਿੱਚ ਆਏ ਹਨ, ਦਾ ਡਾਟਾ National Scholarship Portal *ਤੇ NMMSS ਅਧੀਨ,ਵੱਧ ਤੋਂ ਵੱਧ ਅਪਲੋਡ ਕਰਨ ਲਈ ਅਧਿਆਪਕਾਂ/ਵਿਦਿਆਰਥੀਆਂ ਨੂੰ ਉਤਸ਼ਾਹਿਤ ਕੀਤਾ ਜਾਵੇ, ਕਿਉਂਕਿ ਇਸ ਸਕੀਮ ਅਧੀਨ ਵਿਦਿਆਰਥੀਆਂ ਨੂੰ 12,000/- ਸਲਾਨਾ ਭਾਵ 1000 ਰੁ: ਪ੍ਰਤੀ ਮਹੀਨਾ ਵਜ਼ੀਫਾ ਮਿਲਦਾ ਹੈ।
- NMMSS 2023 ਪ੍ਰੀਖਿਆ ਜੋ ਕਿ ਮਾਰਚ 2024 ਦੀ ਮੈਰਿਟ ਵਿੱਚ ਆਏ ਵਿਦਿਆਰਥੀ ਸਾਲ 2024-25 ਤੱਕ NSP ਤੇ Minority ਸਕੀਮ ਅੰਦਰ ਅਪਲਾਈ ਕਰਦੇ ਸਨ। ਇਨ੍ਹਾਂ ਵਿਦਿਆਰਥੀਆਂ ਨੂੰ NMMSS ਸਕੀਮ ਅਧੀਨ ਅਪਲਾਈ ਕਰਦੇ ਸਮੇਂ NMMSS ਸਕੀਮ ਨੂੰ ਸਿਲੈਕਟ ਕੀਤਾ ਜਾਵੇ।
- ਸਾਲ 2024-25 ਲਈ New registration and renewal of applications ਲਈ ਹੇਠ ਲਿਖੇ ਅਨੁਸਾਰ ਕੰਮ ਕੀਤਾ ਜਾਣਾ ਹੈ:-

  Student registration/application)--->School verification ---> District level verification ---> Submission on NSP ---> Sanction officer and PFMS ---> SBI, New Delhi ---> disbursement of Scholarship to Students by SBI, New Delhi

- ਕਿਸੇ ਵੀ ਐਪਲੀਕੇਸ਼ਨ ਨੂੰ ਕਿਸੇ ਵੀ ਪੱਧਰ ਤੇ reject ਨਾ ਕੀਤਾ ਜਾਵੇ, ਕਿਉਂਕਿ rejected application ਨੂੰ revive ਨਹੀਂ ਕੀਤਾ ਜਾ ਸਕਦਾ।
- ਜੇਕਰ ਕਿਸੇ application ਵਿੱਚ ਕਿਸੇ ਪੱਧਰ ਤੇ ਕੋਈ ਗਲਤੀ ਪਾਈ ਜਾਂਦੀ ਹੈ ਤਾਂ ਉਸ application ਨੂੰ defect ਕਰਕੇ, defect ਕਰਨ ਵਾਲੇ ਪੱਧਰ ਤੋਂ ਪਹਿਲੇ ਪੱਧਰ ਨੂੰ application ਦੋਬਾਰਾ ਤੋਂ ਰਜਿਸਟਰ ਕਰਨ ਸਬੰਧੀ ਸੂਚਿਤ ਕੀਤਾ ਜਾਵੇ।

ਉਪਰੋਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ ਅਤੇ ਇਹ ਵੀ ਧਿਆਨ ਰੱਖਿਆ ਜਾਵੇ ਕਿ NMMSS ਦੀ ਮੈਰਿਟ ਪ੍ਰਾਪਤ ਕਰਨ ਵਾਲਾ ਕੋਈ ਵਿਦਿਆਰਥੀ ਇਸ ਸਕੀਮ ਅਧੀਨ ਵਜੀਫੇ ਲਈ ਅਪਲਾਈ ਕਰਨ ਤੋਂ ਵਾਂਝਾ ਨਾ ਰਹਿ ਜਾਵੇ।

ਸਹੀ/-

ਅਮਨਿੰਦਰ ਕੌਰ, ਪੀ.ਸੀ.ਐਸ.
ਡਾਇਰੈਕਟਰ, ਐੱਸ.ਸੀ.ਈ.ਆਰ.ਟੀ.,ਪੰਜਾਬ

ਪਿੱਠ ਅੰਕਣ ਨੰ.: /1323 614-618

ਮਿਤੀ - ਐਸ. ਏ. ਐਸ. ਨਗਰ : 09-07-2024

ਉਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:

1. ਪੀ.ਏ ਟੂ ਸਕੱਤਰ ਸਕੂਲ ਸਿੱਖਿਆ, ਪੰਜਾਬ
2. ਪੀ.ਏ. ਟੂ ਸਪੈਸ਼ਲ ਸਕੱਤਰ ਸਕੂਲ ਸਿੱਖਿਆ, ਪੰਜਾਬ
3. ਪੀ.ਏ. ਟੂ ਡੀ.ਜੀ.ਐੱਸ.ਈ., ਪੰਜਾਬ
4. ਪੀ.ਏ. ਟੂ ਡੀ.ਪੀ.ਆਈ. ਸੈਕੰਡਰੀ ਪੰਜਾਬ

ਸਹਾਇਕ ਡਾਇਰੈਕਟਰ, (ਪ੍ਰੀਖਿਆ)
ਐੱਸ.ਸੀ.ਈ.ਆਰ.ਟੀ.,ਪੰਜਾਬ